# ਅਕੂਲਾ ਅਤੇ ਪ੍ਰਿਸਕਿੱਲਾ ਨਵੇਂ ਆਗੂਆਂ ਲਈ ਸਲਾਹਕਾਰ ਬਣੇ

ਉਹ ਜਿਹੜੇ ਬੱਚਿਆਂ ਨੂੰ ਪੜ੍ਹਾਦੇ ਹਨ ਉਹ ਜਰੂਰ ਪੜ੍ਹਨ ਪੜਾਈ - M1b

**ਪ੍ਰਾਥਨਾ:-** ''ਸਾਡੇ ਸੁਰਗੀ ਪਿਤਾ, ਮੇਰੀ ਮੱਦਦ ਕਰੋ ਕਿ ਮੈਂ ਨਵੇਂ ਆਗੂਆਂ ਦੇ ਸਲਾਹਕਾਰਾਂ ਵਿੱਚ ਉਨ੍ਹਾਂ ਦੀ ਮੱਦਦ ਕਰ ਸਕਾਂ, ਜਿਹੜੇ ਦੂਜਿਆਂ ਨੂੰ ਉਦਾਰ ਦੇ ਬਾਰੇ ਵਿੱਚ ਦੱਸਦੇ ਨੇ, ਉਨ੍ਹਾਂ ਦੀ ਮੱਦਦ ਕਰ, ਜਿੰਨ੍ਹਾਂ ਨੂੰ ਮੈਂ ਸਲਾਹ ਦੇ ਰਿਹਾਂ, ਤਾਂ ਕਿ ਤੁਹਾਡਾ ਰਾਜ ਧਰਤੀ ਉੱਤੇ ਵੱਧ ਸਕੇ?''

## 1. ਆਪਣੇ ਦਿੱਲ ਨੂੰ ਪਰਮੇਸ਼ਵਰ ਦੇ ਵਚਨ ਨਾਲ ਤਿਆਰ ਕਰੋ, ਦੂਜਿਆ ਲਈ ਸਲਾਹਕਾਰ ਬਣਨ ਲਈ।



ਰਸੂੱਲਾ ਦੇ ਕਰਤਬ 18:24-24 ਵਿੱਚ ਲੱਭੋ, ਕਿਵੇਂ ਅਕੂਲਾ ਅਤੇ ਪ੍ਰਿਸਕਿੱਲਾ, ਅਪੌਲੂਸ ਦੇ ਸਲਾਹਕਾਰ ਬਣੇ।

- ਕਦੋਂ ਅਕੂਲਾ ਅਤੇ ਪ੍ਰਿਸਕਿੱਲਾ ਅਪੌਲੂਸ ਦੇ ਸਲਾਹਕਾਰ ਬਣੇ, ਉਹਦੀ ਲੋੜ ਸੁਣਨ ਤੋਂ ਪਹਿਲਾਂ ਜਾਂ ਬਾਦ?
- ਅਪੌਲੂਸ ਦੀ ਲੋੜ ਨੂੰ ਧਿਆਨ ਨਾਲ ਸੁਣਨ ਤੋਂ ਬਾਦ, ਅਕੂਲਾ ਅਤੇ ਪ੍ਰਿਸਕਿੱਲਾ ਨੇ ਉਹਨੂੰ ਕੀ ਸਲਾਹ ਦਿੱਤੀ?
- ਉਹਦੇ ਬਾਦ ਅਪੌਲੂਸ ਨੇ ਕੀ ਕੀਤਾ ਜਦੋਂ ਆਪਣੇ ਘਰ ਵਿੱਚ ਅਕੂਲਾ ਅਤੇ ਪ੍ਰਿਸਕਿੱਲਾ ਨੇ ਉਹਨੂੰ ਸਲਾਹ ਦਿੱਤੀ? (ਦੇਖੋ ਆਇਤਾ 27 ਅਤੇ 28)
- ਅਕੂਲਾ ਅਤੇ ਪ੍ਰਿਸਕਿੱਲਾ ਨੇ ਇਕ ਸੁਰਤਾ ਦੇ ਦੱਲ ਵਿੱਚ, ਮਸ਼ੀਹ ਦੀ ਸੇਵਾ ਦਾ ਕੰਮ, ਇੱਕ ਜੁੱਟ ਹੋ ਕੇ ਕੀਤਾ, ਤੁਹਾਨੂੰ ਆਪਣੇ ਝੁਡ ਵਿੱਚ ਕੀ ਕਰਨਾ ਚਾਹੀਦਾ ਹੈ ਕਿ ਕੰਮ ਬਿਲਕੁਲ ਇਸੇ ਤਰ੍ਹਾਂ ਚੱਲ ਸਕੇ?

ਦੋ ਤਰੀਕਿਆਂ ਨਾਲ ਆਗੂਆਂ ਨੂੰ ਸਿਖਾਓ

1) ਸਮੂਹ ਵਿੱਚ ਬੋਲ ਕੇ ਜਿਵੇ ਯੀਸ਼ੂ ਨੇ ਕੀਤਾ, ਜਦੋਂ ਉਹ ਭੀੜ ਨੂੰ ਸਿਖਾ ਰਿਹਾ ਸੀ।
2) ਇਕ ਛੋਟੇ ਸਮੂਹ ਦੇ ਸਲਾਹਕਾਰ ਜਿਵੇਂ ਯੀਸ਼ੂ ਨੇ ਉਹਦੇ ਚੇਲਿਆਂ ਨੂੰ ਤਿਆਰ ਕਰਨ ਵਿੱਚ ਕੀਤਾ।

- ਇੰਨਾ ਦੋਹਾਂ ਸਿਖਾਉਣ ਵਾਲੇ ਤਰੀਕਿਆ ਨੂੰ ਬਚਾ ਕੇ ਰੱਖੋ।
- ਨਵੇ ਆਗੂ ਅਤੇ ਨਵੀਆਂ ਕਲੀਸਿਆਵਾਂ, ਇੱਕ ਨਵੇਂ ਬੱਚੇ ਵਾਂਗ ਹੁੰਦੀਆ ਹਨ ਜਿੰਨ੍ਹਾਂ ਨੂੰ ਇਕਦਮ ਬਹੁਤ ਲੋੜਾਂ ਹੁੰਦੀਆ ਹਨ। ਉਹ ਨੂੰ ਕਿਸੇ ਅਜੇਹੇ ਦੀ ਜਰੂਰਤ ਹੁੰਦੀ ਹੈ, ਜਿਹੜਾ ਆਪਣੇ ਥੋੜੇ ਜਿਆਦਾ ਅਨੁਭਵ ਨਾਲ ਉਨ੍ਹਾਂ ਨੂੰ ਸਲਾਹ ਦੇ ਸੱਕੇ।
- ਪੁਰਾਣੀਆ ਕਲੀਸੀਆਵਾਂ ਅਤੇ ਪੱਕੇ ਆਗੂਆਂ ਨੂੰ, ਜਿਆਦਾ ਦੇਰ ਤੱਕ ਇਸਨੂ ਤਰ੍ਹਾਂ ਦੇ ਧਿਆਨ ਦੀ ਜਿਆਦਾ ਜਰੂਰਤ ਨਹੀਂ ਹੁੰਦੀ। ਪੌਲੂਸ ਅਤੇ ਯੀਸ਼ੂ ਵਾਂਗ ਆਪਣੇ ਸਿੱਖਣ ਵਾਲਿਆਂ ਨੂੰ ਸਲਾਹ ਦੇਣ। ਬੰਦ ਕਰ ਦੇਣ, ਜਦੋਂ ਉਹ ਲਗਾਤਾਰ ਉਨ੍ਹਾਂ ਦੀ ਮੱਦਦ ਤੋਂ ਬਿਨਾ ਸੇਵਾ ਕਰਕੇ ਰਹਿੰਦੇ ਹਨ।
- ਉਨ੍ਹਾਂ ਜਿੰਨ੍ਹਾਂ ਨੂੰ ਇਹਦੀ ਲੋੜ ਹੈ, ਉਸ ਵਾਸਤੇ ਕੰਮ ਕਰਨ ਦੀ ਜਗ੍ਹਾਂ ਜਾਂ ਛੋਟੇ ਕੋਰਸ ਦਾ ਪ੍ਰਬੰਧ ਕਰੋ। ਪਰ ਇਸ ਤਰ੍ਹਾਂ ਦੀਆਂ ਲੋੜਾਂ ਹਰੇਕ ਨਵੇਂ ਵਿਸ਼ਵਾਸੀ ਨੂੰ ਮਿਲਣੀਆਂ ਨਹੀ ਚਾਹੀਦੀਆ।, ਉਨ੍ਹਾਂ ਨੇ ਇਸ ਤਰ੍ਹਾਂ ਦੇ ਸਲਾਹਕਾਰ ਬਣਨ ਜਿਵੇ ਯੀਸ਼ੂ ਅਤੇ ਪੌਲੂਸ ਨੇ ਉਨ੍ਹਾਂ ਦੇ ਸਿੱਖਣ ਵਾਲਿਆਂ ਲਈ ਕੀਤਾ।
- ਕਿਸ ਤਰ੍ਹਾਂ ਇਕ ਆਗੂ ਦੂਜਿਆਂ ਲਈ ਸਲਾਹ ਕਾਰ ਬਣ ਸਕਦਾ ਹੈ? ਇਹ ਸੱਭ ਚੀਜਾ ਕਰਨ ਲਈ ਯਾਦ ਕਰੋ:
- ਸਮੂਹ ਨੂੰ ਛੋਟਾ ਰੱਖੋ। ਤੁਹਾਡੇ ਕੋਲ ਹਰੇਕ ਸਿੱਖਣ ਵਾਲੇ ਦਾ ਸ਼ਮਾ ਹੋਣਾ ਚਾਹੀਦਾ ਹੈ।
- ਚਰਵਾਹਿਆ ਦੇ ਕਰਨ ਵਾਲੇ ਨਮੂੰਨੇ ਸੁੱਚਜੇ ਹੋਣੇ ਚਾਹੀਦੇ ਹਨ। ਕੰਮ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਜਿਹੜਾ ਆਰਾਮ ਨਾਲ ਸਮਝ ਆ ਸੱਕੇ।
- ਹਰੇਕ ਸਿੱਖਣ ਵਾਲੇ ਦੀ ਸੂਚਨਾ ਸੁਣਨੀ ਚਾਹੀਦੀ ਹੈ। ਹਰੇਕ ਵਿਸ਼ਵਾਸੀ ਨੂੰ ਇਹ ਸੂਚਨੀ ਹੋਣੀ ਚਾਹੀਦੀ ਹੈ ਕਿ ਪਿੱਛਲੀ ਸਭਾ ਤੋਂ ਹੁਣ ਤੱਕ ਉਹਦੇ ਝੁੰਡ ਨੇ ਕੀ ਕੀਤਾ ਅਤੇ ਉਹਦੇ ਝੁੰਡ ਦੀਆਂ ਕੀ ਲੋੜਾਂ ਹਨ।
- ਹਰੇਕ ਸਿੱਖਣ ਵਾਲੀ ਚਹਜ ਦੀ, ਕੰਮ ਕਰਨ ਵਿੱਚ ਯੋਜਨਾ ਬਣਾਉਣ ਵਾਸਤੇ ਮੱਦਦ ਕਰਨੀ ਚਾਹੀਦੀ ਹੈ। ਉਹ ਅਤੇ ਉਹਦਾ ਝੁੱਡ ਜਦੋਂ ਮਿਲਦੇ ਹਨ ਤਾਂ ਉਨ੍ਹਾਂ ਦੀਆ ਕੀ ਲੋੜਾਂ ਹਨ, ਉਹ ਲਿਖੋ। ਉਨ੍ਹਾਂ ਚੀਜਾਂ ਨੂੰ ਵਧਾਉ, ਜਿਹੜੀਆਂ ਨਵੇਂ ਨੇਮ ਦੀਆਂ ਜਰੂਰਤਾਂ ਨੇ ਅਤੇ ਅਜੇ ਤੱਕ ਨਹੀ ਹੋਈਆਂ ਜਾਂ ਬਹੁਤ ਮਾੜੀਆਂ ਹਨ। ਬਹੁਤ ਜਿਆਦਾ ਵੇਲਾ ਨਿਖੇ

ਧੀ ਪੂਰਨ ਮੁਸ਼ਕਲਾਂ ਵੱਲ ਨਾ ਲਗਾਉ। ਹਰੇਕ ਸਲਾਹਕਾਰ ਸਭਾ ਦਾ ਇਹ ਮਕਸਦ ਹੋਣਾ ਚਾਹੀਦਾ ਹੈ ਕਿ ਕੁਝ ਅਜਿਹੀਆ ਚੀਜਾਂ ਨੂੰ ਵਧਾਉਣਾ, ਜਿਹੜੀਆਂ ਨਵੀਂ ਕਲੀਸੀਆਂ ਨੂੰ ਉੱਚਾਂ ਚੁੱਕਣ।

- ਸਿੱਖਣ ਵਾਲਿਆਂ ਨੂੰ ਕਹੋ ਕਿ ਉਹ ਕੀ ਪੜ੍ਹਦੇ ਹਨ? ਦੱਸਣ ਕਿ ਉਨ੍ਹਾਂ ਨੇ ਪਿੱਛਲੇ ਵੇਲੇ ਜਿਹੜਾ ਪੜ੍ਹਿਆ ਸੀ ਉਹਦੇ ਤੋਂ ਕੀ ਸਿੱਖਿਆ?
- ਕੁਝ ਨਵਾਂ ਪੜ੍ਹਨ ਲਈ ਦਿਉ। ਉਸ ਸੂਚੀ ਨੂੰ ਧਿਆਨ ਨਾਲ ਦੇਖੋ, ਜਿਹੜੀ ਤੁਹਾਡੇ ਕੋਲ ਉਸ ਸਮੇ ਪੜ੍ਹਾਈ ਜਾਂਦੀ ਹੈ, ਅਤੇ ਉਹ ਪੜਾਈ ਚੁਣੋ, ਜਿਹੜੀ ਹਰੇਕ ਵਿਦਿਆਰਥੀ ਦੀ ਯੋਜਨਾ ਵਿੱਚ ਸਹੀ ਬੈਠਦੀ ਹੈ। ਸਿੱਖਣ ਵਾਲੇ ਸਾਰੀ ਪੜ੍ਹਾਈ ਵਿੱਚੋ ਚੀਜਾਂ ਵਾਂਗ ਨਾ ਕਰਨ।
- ਇਕ ਦੂਜੇ ਵਾਸਤੇ ਪ੍ਰਾਥਨਾ ਕਰੋ। ਤਾਕਤ ਅਤੇ ਸਹਾਇਤਾ ਲਈ ਪ੍ਰਾਥਨਾ ਕਰੋ, ਅਤੇ ਉਨ੍ਹਾਂ ਲੋਕਾਂ ਵਾਸਤੇ ਵੀ, ਜਿੰਨ੍ਹਾਂ ਦੀ ਤੁਸੀ ਸੇਵਾ ਕਰਦੇ ਹੋ।

**ਬਾਈਬਲ ਦੇ ਵਾਂਗ ਸਲਾਹ ਕਾਰਾਂ ਦੀ ਜੰਜੀਰ** (ਤੀਰ ਦਸਦੇ ਹਨ ਕਿ ਕੋਣ ਕਿਹਦੇ ਸਲਾਹ ਕਾਰ ਬਣੇ)?

**ਯਿਥਰੋ – ਮੂਸਾ** – ਇਸਰਾਏਲ ਦੇ ਵਡੇਰੇ, ਉਹ ਜਿੰਨ੍ਹਾਂ ਨੇ ਇਸਰੇਲੀਆਂ ਦੀ ਚਰਵਾਹੀ ਕੀਤੀ।

**ਮੂਸਾ – ਯਹੋਸ਼ੂਆ** – ਉਹ ਜਿੰਨ੍ਹਾਂ ਇਸਰਾਏਲੀ ਸਿਪਾਹੀਆਂ ਨੂੰ ਰਾਹ ਵਿਖਾਇਆ, ਤੇ ਉਨ੍ਹਾਂ ਨੂੰ ਵਧਾ ਦੇ ਧਰਤੀ ਉੱਤੇ ਲੈ ਗਿਆ।

**ਬਰਾਕ** – ਬਰਾਕ ਉਹ ਜਿੰਨ੍ਹਾਂ ਨੇ ਇਸਰੇਲੀ ਸਿਪਾਹੀਆਂ ਦੀ ਅਗਵਾਈ, ਕਨਾਨੀ ਮੂਰਤੀ ਪੂਜਕਾਂ ਨੂੰ ਹਰਾਉਣ ਵਿੱਚ ਕੀਤੀ।

**ਏਲੀ – ਸੈਮੂਅਲ – ਰਾਜਾ ਸੈਮੂਅਲ ਅਤੇ ਦਾਊਦ ਰਾਜਾ**

**ਨਤਾਨ – ਦਾਊਦ – ਸੁਲੇਮਾਨ – ਸੀਬਾ ਦੀ ਰਾਣੀ**

**ਏਲੀਆ – ਅਲੀਸ਼ਾ – ਰਾਜਾ ਯੋਸੀਯਾਹ**

**ਦਾਨੀਏਲ – ਨਬੂਕਦਨਸ਼ੇਰ**

**ਮਾਰਦਕਈ – ਅਸਤਰ**

**ਯੀਸ਼ੂ – ਉਹਦੇ ਰਸੂੱਲ – ਨਵੀਆਂ ਕਲੀਸੀਆਵਾਂ ਦੇ ਵਡੇਰੇ**

**ਫਿਲੋਪੁਸ਼ – ਇਥੋਪਿਆ ਦਾ ਅਫਸਰ (ਹਬਸ਼ ਦੇਸ਼ ਵਾਸੀ)**

**ਪ੍ਰਿਸਕਿੱਲਾ ਅਤੇ ਅਕੂਲਾ – ਅਪਲੂੱਸ਼**

**ਪੌਲੁਸ – ਤਿਮੋਥਿਉਸ – ''ਵਫਾਦਾਰ ਆਦਮੀ'' – ''ਅਤੇ ਹੋਰ ਵੀ (2 ਤਿਮੋਥਿਉਸ 2:2)**

**2. ਆਪਣੇ ਸਾਥੀਆਂ ਨਾਲ ਮਿਲ ਕੇ ਹਫਤੇ ਵਿੱਚੋਂ ਹੋਣ ਵਾਲੀਆਂ ਚੀਜਾਂ ਦੀ ਯੋਜਨਾ ਬਣਾਉ।**

- ਆਪਣੇ ਝੁੰਡ ਦੇ ਕਿਸੇ ਵੀ ਵਿਸ਼ਵਾਸੀ ਕੋਲ ਜਾਉ ਉਹ, ਜਿੰਨੇ ਇੱਕ ਆਗੂ ਦੇ ਵਾਗ ਸਿੱਖਿਆ ਲੈਣੀ ਹੋਵੇ, ਉਹਦੀ ਸਿੱਖਿਆ ਲਈ ਇੰਤਜਾਮ ਕਰੋ ਤੇ ਉਹਨੂੰ ਲਗਾਤਾਰ ਮਿਲ ਕੇ ਸਲਾਹ ਦਿਉ।
- ਜੇਕਰ ਤੁਹਾਡੇ ਜਗਾ ਵਿੱਚ ਹੋਰ ਕਲੀਸੀਆਵਾਂ ਅਗੂਵੇ ਹਨ, ਜਿੰਨ੍ਹਾਂ ਨੂੰ ਸਲਾਹਕਾਰ ਦੀ ਲੋੜ ਹੋ ਤਾਂ ਉਨ੍ਹਾਂ ਕੋਲ ਜਾਉ ਅਤੇ ਇਸਦਾ ਪ੍ਰਬੰਧ ਕਰੋ।
- ਕਿਸੇ ਵੀ ਵਿਸ਼ਵਾਸੀ ਜਾਂ ਮਿੱਤਰਾਂ ਕੋਲ ਜਾਉ, ਜਿੰਨਾਂ ਨੂੰ ਕਿਸੇ ਵੀ ਤਰ੍ਹਾਂ ਦੇ ਨਿਰਦੇਸ਼ਾਂ ਦੀ ਜਰੂਰਤ ਹੈ, ਉਨ੍ਹਾਂ ਦੀਆਂ ਜਰੂਰਤਾਂ ਨੂੰ ਜਾਣਨ ਲਈ, ਉਨ੍ਹਾਂ ਨੂੰ ਸੁਣੋ ਉਨ੍ਹਾਂ ਨੂੰ ਸੇਵਾ ਦਾ ਮੌਕਾ ਦਿਉ।

**3. ਆਉਣ ਵਾਲੀ ਅਰਾਧਨਾ ਸਭਾ ਦੇ ਵੇਲੇ ਲਈ ਆਪਣੇ ਸਾਥੀਆਂ ਨਾਲ ਮਿਲ ਕੇ ਯੋਜਨਾ ਬਣਾਉ।**

ਇਹੋ ਜਿਹੀਆਂ ਚੀਜਾਂ ਚੁਣੋ ਜਿਹੜੀਆਂ ਤੁਹਾਡੀ ਜਰੂਰਤ ਅਤੇ ਸਥਾਨਿਕ ਰੀਤੀ ਰਿਵਾਜਾਂ ਨੂੰ ਪੂਰਾ ਕਰਦੀਆਂ ਹਨ। ਅਤੇ ਨਵੇ ਆਗੂਆਂ ਲਈ, ਸ਼ਕਤੀ ਵਾਸਤੇ ਪ੍ਰਾਥਨਾ ਕਰੋ, ਅਤੇ ਹੋਰਾਂ ਲਈ ਵੀ, ਜਿੰਨ੍ਹਾਂ ਨੂੰ ਮੱਦਦ ਦੀ ਜਰੂਰਤ ਹੈ।

ਦੱਸੋ ਜਾਂ ਕਰਕੇ ਵਿਖਾਉ, ਅਕੂਲਾ ਅਤੇ ਪ੍ਰਿਸਕਿੱਲਾ ਨੇ ਅਪੋਲੂਸ ਤੇ ਸਲਾਹ ਕਾਰਾਂ ਕੋਲੋਂ ਪਹਿਲੇ ਹਿੱਸੇ ਵਿੱਚ ਤੁਸਾਂ ਕਿ ਸਿੱਖਿਆ, ਉਨ੍ਹਾਂ ਚੀਜਾਂ ਬਾਰੇ ਗੱਲਬਾਤ ਕਰੋ।

ਸਮਝਾਉ ਕਿਸ ਤਰ੍ਹਾਂ ਦੇ ਤਰੀਕੇ ਸਿਖਾਉਣ ਵਾਲੇ ਬਾਕੀ ਹਨ (ਪਹਿਲੇ ਭਾਗ 1) ਵਿੱਚੋ ਅਤੇ ਬਾਈਬਲ ਵਿੱਚੋਂ ਉਨ੍ਹਾਂ-ਲੋਕਾਂ ਬਾਰੇ ਦੱਸੋ, ਜਿਹੜੇ ਦੂਜਿਆਂ ਦੇ ਸਲਾਹਕਾਰ ਬਣੇ (ਭਾਗ 1)।

**ਪੋਲੂਸ ਤਿਮੋਥਿਉਸ ਦੀ ਜੰਜੀਰ ਦਾ ਨਾਟਕ ਤਿਆਰ ਕਰੋ।**

- ਹਰੇਕ ਨੂੰ ਆਖੋ ਕਿ ਉਹ ਚਾਰ-ਚਾਰ ਦੇ ਸਮੂੰਹਾਂ ਵਿੱਚ ਖੜੇ ਹੋ ਜਾਣ, ਇੱਕ ਦੂਜੇ ਤੋਂ ਵੱਖ-ਵੱਖ ਹੋ ਕੇ। ਸਮਝਾਉ ਕਿ ਹਰੇਕ ਸਮੂੰਹ ਇੱਕ ਵੱਖਰਾ ਸਹਿਰ ਹੈ।
- ਕਿਸੇ ਨੂੰ ਆਖੋ ਕਿ ਉਹ 2 ਤਿਮੋਥਿਉਸ 2:2 ਪੜ੍ਹੇ। ਸਮਝਾਉ ਇਹ ਆਇਤ ਦੱਸਦੀ ਹੈ ਕਿ ਕਿਵੇ ਚਾਹ ਇਸ ਜੰਜੀਰ ਵਿੱਚ ਜੁੜ ਕੇ ਇੱਕ ਨਵੀ ਕਲੀਸੀਆਂ ਉੱਤਪੰਨ ਕਰਦੇ ਹਨ। 1) ਪੋਲੂਸ ਅੰਤਕਿਯਾ ਵਿੱਚ 2) ਤਿਮੋਥਿਉਸ ਅਫੱਸੁਸ ਵਿੱਚ 3) ''ਵਫਾਦਾਰ ਆਦਮੀ'', ਹੋਰ ਜਿਹੜੇ ਕੋਲੁਸੇ ਵਿੱਚ (4) ਅਤੇ ਹੋਰ, ਜਿਹੜੇ ਕਿ ਲੁਦਾਕੀਆ ਵਿੱਚ ਰਹਿੰਦੇ ਹਨ।

1) ਅੰਤਕਿਯਾ- ਪੋਲੂਸ ਅਤੇ ਬਰਨਾਬਾਸ ਸਭ ਤੋਂ ਪਹਿਲਾਂ ਪਰਮੇਸ਼ਵਰ ਦਾ ਵਚਨ ਕੋਲ ਲੈ ਕੇ ਆਵੇ। ਪਹਿਲੇ ਦੋ ਲੋਕਾਂ ਨੂੰ ਪਹਿਲੇ ਸਮੂੰਹ ਵਿੱਚ, ਕਿ ਬਾਈਬਲ ਨੂੰ ਚੁੱਕੇ, ਦੂਜੇ ਸਮੂੰਹ ਕੋਲੋਂ ਜਾਵੇ, ਜਿਹੜਾ ਕਿ ਅਫਸੁਸ ਵਿੱਚ ਹੋ।

2) ਅਫਸੁਸ ਪੋਲੂਸ ਤਿਮੋਥਿਉਸ ਨੂੰ ਸਲਾਹ ਦੇਵੇ, ਜਿਹੜਾ ਅਫਸੁਸ ਛੱਡ ਕੇ ਪਰਮੇਸ਼ਵਰ ਦਾ ਵਚਨ ਲੈ ਕੇ ਕੰਮ ਤੇ ਜਾ ਰਿਹਾ ਹੈ।

3) ਕੁਲੋਸੇ ਤਿਮੋਥਿਉਸ ''ਵਫਾਦਾਰ ਆਦਮੀ'' ਨੂੰ ਸਲਾਹ ਦਿੰਦਾ ਹੈ, ਜਿਹੜੇ ਕਿ ਅਫੁਸਸ ਵਿੱਚ ਵਡੇਰੇ ਹਨ, ਅਤੇ ਕਲੁੋਸੇ ਵਿੱਚ ਵੀ, ਇਪਫ੍ਰਾਸ ਨੂੰ ਵੀ ਮਿਲਾ ਕੇ। (ਕੁਲਸੀਆ 1:1-8)

4) ਲਾਉਦਿਕੀਆ - ਇਪਫ੍ਰਾਸ ਕੁਲੈਸੇ ਤੋਂ ਹੋਰਨਾ ਨੂੰ ਸਲਾਹ ਦਿੰਦਾ ਹੈ ਲਾਉਦਿੱਕੀਆ ਵਿੱਚੋ (ਕੁਲਸੀਆ 4:12-13)

ਦੱਸੋ ਜਾ ਕਰਕੇ ਦਿਖਾਉ, ਕਿਵੇ ਯਿਥਰੋ ਨੇ ਮੂਸਾ ਨੂੰ ਸਲਾਹ ਦਿੱਤੀ ਕੂਚ-18

ਉਸ ਦੀ ਸੂਚਨਾ ਦੇਣ ਲਈ ਕਰੋ, ਜਿਹੜੇ ਸਲਾਹਕਾਰ ਉਸ ਵਿਸ਼ਵਾਸੀ ਨੇ ਹੁਣ ਕੀਤੀਆ ਹਨ।

ਬੱਚਿਆਂ ਨੂੰ ਕਵਿਤਾ ਜਾਂ ਨਾਟਕ ਜਿੰਨ੍ਹਾਂ ਨੂੰ ਉਸ ਨੇ ਤਿਆਰ ਕੀਤਾ ਹੈ, ਪੇਸ਼ ਕਰਨ ਲਈ ਕਹੋ।

ਦੋ ਜਾਂ ਤਿੰਨ ਦੇ ਸਮੂੰਹ ਵਿੱਚ ਯੋਜਨਾ ਬਾਰੇ ਸਲਾਹ, ਮਸ਼ਵਰਾ ਕਰੋ, ਇੱਕ ਦੂਜੇ ਦੇ ਸਲਾਹ ਅਤੇ ਹੌਸਲੇ ਵਾਸਤੇ ਪ੍ਰਾਥਨਾ ਕਰੋ।

ਬੱਚਿਆਂ ਨੂੰ ਨਾਟਕ, ਤਿਆਰ ਕਰ ਦਿਉ ਕਿਵੇ ਏਲੀਆ ਨੇ ਇਲੇਸ਼ਾ ਨੂੰ ਸਲਾਹ ਦਿੱਤੀ। ਬੱਚੇ ਬਾਲਿਗਾਂ ਨੂੰ ਵੀ ਕਹਿ ਸਕਦੇ ਹਨ, ਕਿ ਉਹ ਨਾਟਕ ਬਾਰੇ ਇਕ ਪ੍ਰਸ਼ਨ ਤਿਆਰ ਕਰਾਉਣ।

ਪ੍ਰਭੂ ਭੋਜ ਪੇਸ਼ ਕਰੋ, ਰੋਮੀਉ 16:3-5 ਪੜ੍ਹੋ ਅਤੇ ਸਮਝਾਉ, ਕਿਵੇ111 ਅਕੂਲਾ ਅਤੇ ਪ੍ਰਿਸਕਿੱਲਾ ਰੋਮ ਵਿੱਚ ਆਪਣੇ ਘਰ ਵਿੱਚ ਕਲੀਸੀਆਵਾਂ ਦੀ ਅਗਵਾਈ (ਮੇਜਬਾਦੀ) ਕਰਦੀਆ ਸਨ (1 ਕੁਰਿੰਥੀਆ 16:19) ਹੋ ਸਕਦਾ ਹੈ ਕਿ ਕੁਰਿੰਥ ਵਿੱਚ ਵੀ। ਇਹ ਸਾਨੂੰ ਯਾਦ ਕਰਾਉਂਦਾ ਹੈ, ਜਿਥੇ ਵਿਸ਼ਵਾਸੀ ਰਸੂੰਲਾਂ ਨਾਲ ਉਸ ਵੇਲੇ ਪ੍ਰਭੂ ਭੋਜ ਮੰਨਾਉਦੇ ਸਨ। ਉਹ ਛੋਟੇ ਸਮੂੰਹ ਵਿੱਚ ਰੋਟੀ ਤੋੜਕੇ, ਜਿਥੇ ਹਰੇਕ ਵਿਸ਼ਵਾਸੀ ਇੱਕ ਦੂਜੇ ਦੇ ਨੇੜੇ ਦੀ ਸੰਗਤ ਕਰਕੇ ਕਰਦਾ ਸੀ।

Copyright 2004 © by Paul-Timothy. May be freely copied. Download from www.Paul-Timothy.net